Bcm School Basant Avenue Dugri Class 7 Punjabi Assignment Answer key
ਪ੍ਰਸ਼ਨ **1** ਅਣਡਿੱਠਾ ਪੈਰ੍ਹਾ
ਉੱਤਰ 1 ਬੱਚਿਆਂ ਨੇ ਸਫ਼ਾਈ ਮੁਹਿੰਮ ਸ਼ੁਰੂ ਕੀਤੀ।
ਉੱਤਰ 2 ਬੱਚੇ ਸਕੂਲ ਤੋਂ ਬਾਅਦ ਸਫ਼ਾਈ ਕਰਦੇ ਸਨ।
ਉੱਤਰ 3 ਉਹ ਕੂੜੇ ਨੂੰ ਇਕੱਠਾ ਕਰਕੇ ਡੱਬਿਆਂ ਵਿੱਚ ਪਾਉਂਦੇ ਸਨ।
ਉੱਤਰ 4 ਕੁੱਝ ਲੋਕਾਂ ਨੇ ਪੌਦੇ ਲਗਾਏ ਅਤੇ ਕੁੱਝ ਨੇ ਕੂੜਾ ਫੈਲਾਉਣਾ ਬੰਦ ਕਰ ਦਿੱਤਾ।
ਉੱਤਰ 5 ਪਿੰਡ ਕਾਫ਼ੀ ਸਾਫ਼ ਅਤੇ ਸੁੰਦਰ ਹੋ ਗਿਆ ਅਤੇ ਲੋਕਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਵਧੀ।
ਪ੍ਰਸ਼ਨ **2** ਅਣਡਿੱਠੀ ਕਾਵਿ ਟੁਕੜੀ
ਉੱਤਰ 1 ਕਵੀ ਨੇ ਦੱਸਿਆ ਹੈ ਕਿ ਚੰਨ ਘਣੇ ਬੱਦਲਾਂ ਦੇ ਪਰਦੇ ਵਿੱਚ ਲੁੱਕਿਆ ਹੋਇਆ ਹੈ।
ਉੱਤਰ 2 ਉਹ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ।
ਉੱਤਰ 3 ਰੁੱਖਾਂ ਦੇ ਸਾਏ ਹਵਾ ਦੇ ਝੋਕਿਆਂ ਨਾਲ ਹਿੱਲਦੇ ਹਨ।
ਉੱਤਰ 4 ਕਵੀ ਕੁਦਰਤ ਦੀ ਅਦ੍ਰਿਸ਼ਟ, ਮੌਨ ਪਰ ਪ੍ਰਭਾਵਸ਼ਾਲੀ ਤਾਕਤ ਨੂੰ ਦਰਸਾਉਂਦਾ ਹੈ, ਜੋ ਮਨੁੱਖ ਦੇ ਅੰਦਰ ਹੌਂਸਲਾ ਅਤੇ ਤਾਕਤ ਜਗਾਉਂਦੀ ਹੈ।
ਉੱਤਰ 5 ਮੁਸਕਾਏ,ਆਏ।
ਪ੍ਰਸ਼ਨ **3** ਤਸਵੀਰ ਵਰਨਣ
ਕਿੱਕਲੀ ਇੱਕ ਪ੍ਰੰਪਰਾਗਤ ਪੰਜਾਬੀ ਖੇਡ/ਨਾਚ ਹੈ ,ਜਿਸ ਵਿੱਚ ਦੋ ਕੁੜੀਆਂ ਇੱਕ–ਦੂਜੇ ਦੇ ਹੱਥ ਮਜ਼ਬੂਤੀ ਨਾਲ ਫੜ ਕੇ ਗੋਲ-ਗੋਲ ਘੁੰਮਦੀਆਂ ਹਨ। ਘੁੰਮਣ ਦੀ ਗਤੀ ਹੌਲੀ-ਹੌਲੀ ਤੇਜ਼ ਹੁੰਦੀ ਜਾਂਦੀ ਹੈ, ਜਿਸ ਨਾਲ ਇਹ ਇੱਕ ਮਜ਼ੇਦਾਰ ਅਤੇ ਰੋਮਾਂਚਕ ਤਜ਼ਰਬਾ ਬਣ ਜਾਂਦਾ ਹੈ।ਕਿੱਕਲੀ ਦੇ ਨਾਲ ਕੁੱਝ ਰਵਾਇਤੀ ਬੋਲ ਗਾਏ ਜਾਂਦੇ ਹਨ:
"ਕਿੱਕਲੀ ਕਲੀਰ ਦੀ**,**
ਪੱਗ ਮੇਰੇ ਵੀਰ ਦੀ**,**
ਕਿੱਕਲੀ ਏਕਤਾ, ਭਰੋਸੇ ਅਤੇ ਸਹਿਯੋਗ ਦਾ ਪ੍ਰਤੀਕ ਹੈ।ਪੰਜਾਬੀ ਮੇਲਿਆਂ, ਵਿਆਹਾਂ ਅਤੇ ਤਿਉਹਾਰਾਂ 'ਤੇ ਅਕਸਰ ਇਹ ਖੇਡ ਖੇਡੀ ਜਾਂਦੀ ਹੈ।
ਇਹ ਸਿਰਫ਼ ਮਨੋਰੰਜਨ ਹੀ ਨਹੀਂ, ਸਰੀਰਕ ਕਸਰਤ ਦਾ ਵੀ ਵਧੀਆ ਸਾਧਨ ਹੈ।
ਪੰਜਾਬੀ ਲੋਕ-ਸੱਭਿਆਚਾਰ ਵਿੱਚ ਇਸਦੀ ਖਾਸ ਪਛਾਣ ਹੈ, ਖ਼ਾਸ ਤੌਰ 'ਤੇ ਕੁੜੀਆਂ ਦੀਆਂ ਖੇਡਾਂ ਵਿੱਚ।
ਪ੍ਰਸ਼ਨ **4** ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ ਤੇ ਕਿਸਮਾਂ ਦੇ ਨਾਮ ਲਿਖੋ?
ਪ੍ਰਸ਼ਨ **5** ਸਾਡਾ ਵਿਰਸਾ ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
ਪ੍ਰਸ਼ਨ **6** ਪਾਠ ਹਾਰ ਦੀ ਜਿੱਤ ਵਿਚਲੇ ਮੁੱਖ ਪਾਤਰ ਬਾਬਾ ਭਾਰਤੀ ਦਾ ਪਾਤਰ ਚਿੱਤਰਣ ਕਰੋ।
ਪ੍ਰਸ਼ਨ **7** ਵਿਗਿਆਨ ਦੇ ਖੇਤਰ ਵਿੱਚ ਮੈਰੀ ਕਿਊਰੀ ਦੇ ਯੋਗਦਾਨ ਨੂੰ ਵਿਸਥਾਰ ਵਿੱਚ ਲਿਖੋ।

Question 4,5,6,7 Answers according to pattern.
ਪ੍ਰਸ਼ਨ **8** ਲਿੰਗ ਬਦਲੀ ਕਰੋ।
1.ਬਾਜ਼ੀਗਰ ਨੇ ਬਾਜ਼ੀ ਪਾਈ।
ਬਾਜ਼ੀਗਰਨੀ ਨੇ ਬਾਜ਼ੀ ਪਾਈ।
2.ਸੋਹਣਾ ਮੁੰਡਾ ਗੀਤ ਗਾ ਕੇ ਗਿਆ ਹੈ।
ਸੋਹਣੀ ਕੁੜੀ ਗੀਤ ਗਾ ਕੇ ਗਈ ਹੈ।
3.ਗੰਦਾ ਬੱਚਾ ਕਿਸੇ ਨੂੰ ਚੰਗਾ ਨਹੀਂ ਲੱਗਦਾ।
ਗੰਦੀ ਬੱਚੀ ਕਿਸੇ ਨੂੰ ਚੰਗੀ ਨਹੀਂ ਲੱਗਦੀ।
4. ਉਸਦੇ ਪਿਤਾ ਜੀ ਦੁਕਾਨਦਾਰ ਹਨ।
ਉਸ ਦੇ ਮਾਤਾ ਜੀ ਦੁਕਾਨਦਾਰ ਹਨ।
5. ਗੱਭਰੂਆਂ ਨੇ ਮੇਲੇ ਵਿੱਚ ਖ਼ੂਬ ਰੌਣਕ ਲਗਾਈ।
ਮੁਟਿਆਰਾਂ ਨੇ ਮੇਲੇ ਵਿੱਚ ਖ਼ੂਬ ਰੌਣਕ ਲਗਾਈ।
ਪ੍ਰਸ਼ਨ **9** ਵਚਨ ਬਦਲੋ।
1.ਘੋੜੇ ਨੇ ਬੱਚੇ ਨੂੰ ਰੌਂਦ ਦਿੱਤਾ।
ਘੋੜਿਆਂ ਨੇ ਬੱਚਿਆਂ ਨੂੰ ਰੌਂਦ ਦਿੱਤਾ।
2.ਬੁੱਢਾ ਡੰਗੋਰੀ ਨਾਲ ਚੱਲ ਰਿਹਾ ਸੀ।
ਬੁੱਢੇ ਡੰਗੋਰੀਆਂ ਨਾਲ ਚੱਲ ਰਹੇ ਸਨ।
3.ਕੁੜੀ ਮੁੰਡੇ ਨੇ ਭੰਗੜੇ ਵਿੱਚ ਧੂਮ ਮਚਾਈ।
ਕੁੜੀਆਂ ਮੁੰਡਿਆਂ ਨੇ ਭੰਗੜੇ ਵਿੱਚ ਧੂਮ ਮਚਾਈ।

4.ਉਹ ਗਾਂ ਰਿਹਾ ਹੈ।
ਉਹ ਗਾ ਰਹੇ ਹਨ।
5.ਕਲਾਕਾਰ ਨੇ ਬੰਸਰੀ ਵਜਾਈ।
ਕਲਾਕਾਰਾਂ ਨੇ ਬੰਸਰੀਆਂ ਵਜਾਈਆਂ।
ਪ੍ਰਸ਼ਨ **10** ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਅਤੇ ਸਮਾਨਾਰਥਕ ਸ਼ਬਦ ਲਿਖੋ।
ਸ਼ਬਦ - ਵਿਰੋਧੀ - ਸਮਾਨਾਰਥਕ
ਸੋਹਣਾ - ਕਰੂਪ - ਸੁੰਦਰ
ਸ਼ਾਮ - ਸਵੇਰ - ਤਰਕਾਲਾਂ
ਪ੍ਰਸੰਸਾ- ਨਿੰਦਿਆ - ਤਾਰੀਫ਼
ਰਾਤ - ਦਿਨ - ਹਨੇਰਾ
ਖੁਸ਼- ਨਾਖੁਸ਼ - ਪ੍ਰਸੰਨ